11 ਮਾਰਚ, 2021

**ਸੁਪਰਡੈਂਟ ਜੌਰਡਨ ਟਿੰਨੀ ਦੇ ਫਰੇਜ਼ਰ ਹੈਲਥ ਦੇ ਡਾਕਟਰ ਜ਼ਬਾਰ ਨਾਲ ਸਵਾਲ-ਜੁਆਬ**

---

**1. ਕੁੱਝ ਸਕੂਲ ਜ਼ਿਲਿਆਂ ਵਿੱਚ ਦੂਜੇ ਜ਼ਿਲਿਆਂ ਦੇ ਮੁਕਾਬਲੇ ਕੋਵਿਡ-19 ਨਾਲ ਸਾਹਮਣਾ (ਐਕਸਪੋਜ਼ਰ) ਹੋਣ ਦੇ ਜ਼ਿਆਦਾ ਕੇਸ ਕਿਉਂ ਹਨ?**

ਸਕੂਲਾਂ ਵਿੱਚ ਕੋਵਿਡ 19 ਨਾਲ ਸਾਹਮਣਾ (ਐਕਸਪੋਜ਼ਰ) ਹੋਣਾ ਕਮਿਊਨਿਟੀ ਵਿਚਲੇ ਕੋਵਿਡ-19 ਦੇ ਕੇਸਾਂ ਦਾ ਸਿੱਧਾ ਅਕਸ ਹੈ। ਜੇ ਕਿਸੇ ਸ਼ਹਿਰ ਜਾਂ ਗਵਾਂਢ ਵਿੱਚ ਬਹੁਤ ਜ਼ਿਆਦਾ ਕੇਸ ਹੋਣਗੇ, ਇਹ ਸੰਭਵ ਹੈ ਕਿ ਸਾਨੂੰ ਉਸ ਕਮਿਊਨਿਟੀ ਦੇ ਸਕੂਲਾਂ ਵਿੱਚ ਕੋਵਿਡ ਨਾਲ ਸਾਹਮਣਾ (ਐਕਸਪੋਜ਼ਰ) ਹੋਣ ਦੀ ਗਿਣਤੀ ਦਾ ਸਿੱਧਾ ਸੰਬੰਧ ਦਿਖਾਈ ਦੇਵੇਗਾ।

ਸਾਡੇ ਸਾਰਿਆਂ ਲਈ ਜ਼ਰੂਰੀ ਹੈ ਕਿ ਅਸੀਂ ਸਕੂਲਾਂ ਵਿੱਚ ਕੋਵਿਡ-19 ਦੇ ਕੇਸ ਹੋਣ ਦੀ ਗਿਣਤੀ ਘਟਾਉਣ ਲਈ ਮਿਲ ਕੇ ਕੰਮ ਕਰਨਾ ਜਾਰੀ ਰੱਖੀਏ।

**2. ਕੋਵਿਡ ਨਾਲ ਸੰਪਰਕ ਹੋਣ ਵਾਲੇ ਲੋਕਾਂ ਬਾਰੇ ਜਾਣਕਾਰੀ ਇਕੱਠੀ ਕਰਨ ਵਿੱਚ ਟੀਚਰ ਕਿਸ ਤਰ੍ਹਾਂ ਸ਼ਾਮਲ ਹੁੰਦੇ ਹਨ?**

ਕੇਸਾਂ ਅਤੇ ਸੰਪਰਕ ਹੋਣ ਵਾਲੇ ਲੋਕਾਂ ਬਾਰੇ ਜਾਣਕਾਰੀ ਇਕੱਠੀ ਕਰਨਾ ਇਕ ਔਖਾ ਅਮਲ ਹੈ, ਜਿਸ ਵਿੱਚ ਕੇਸ/ਜਾਂ ਕੇਸ ਦੀ ਸੰਭਾਲ ਕਰਨ ਵਾਲਿਆਂ ਤੋਂ ਇਹ ਜਾਣਕਾਰੀ ਇਕੱਠੀ ਕਰਨਾ ਸ਼ਾਮਲ ਹੈ ਕਿ ਲੱਛਣ ਕਦੋਂ ਦਿਖਾਈ ਦੇਣੇ ਸ਼ੁਰੂ ਹੋਏ, ਸਟਾਫ ਦੇ ਮੈਂਬਰ ਜਾਂ ਵਿਦਿਆਰਥੀ ਨੇ ਵਾਇਰਸ ਕਿੱਥੋਂ ਲਿਆ ਅਤੇ ਸਕੂਲ ਅਤੇ ਸਕੂਲ ਤੋਂ ਬਾਹਰ ਉਸ ਨਾਲ ਕਿਹੜੇ ਕਿਹੜੇ ਲੋਕ ਨੇੜਲੇ ਸੰਪਰਕ ਵਿੱਚ ਆਏ।

ਸਕੂਲ ਦਾ ਪ੍ਰਿੰਸੀਪਲ ਹਾਜ਼ਰੀ ਦੇ ਰਿਕਾਰਡਾਂ, ਸਟਾਫ ਦੇ ਮੈਂਬਰਾਂ ਅਤੇ ਵਿਦਿਆਰਥੀਆਂ ਦੀ ਸਮਾਂ ਸੂਚੀ (ਸਕੈਜੂਅਲ), ਕਲਾਸ ਅਤੇ/ਜਾਂ ਸਮੂਹ ਦੀ ਬਣਤਰ ਦੇ ਨਾਲ ਨਾਲ ਉਸ ਥਾਂ ਦੀਆਂ ਸੁਰੱਖਿਆ ਯੋਜਨਾਵਾਂ ਅਤੇ ਉਨ੍ਹਾਂ ਦੀ ਪਾਲਣਾ ਦੀ ਪੁਸ਼ਟੀ ਕਰਕੇ ਇਸ ਅਮਲ ਦਾ ਸਮਰਥਨ ਕਰਦਾ ਹੈ।

ਜੇ ਲੋੜ ਹੋਵੇ ਤਾਂ ਪ੍ਰਿੰਸੀਪਲ ਹੋਰ ਵਿਸਥਾਰ ਲੈਣ ਲਈ ਕਲਾਸਰੂਮ ਦੇ ਟੀਚਰ ਨਾਲ ਸੰਪਰਕ ਕਰ ਸਕਦਾ ਹੈ; ਪਰ ਜਾਂਚ ਨੂੰ ਮੁਕੰਮਲ ਕਰਨ ਲਈ ਹਮੇਸ਼ਾਂ ਇਸ ਚੀਜ਼ ਦੀ ਲੋੜ ਨਹੀਂ ਪੈਂਦੀ।

**3. ਤੁਸੀਂ ਇਸ ਗੱਲ ਦਾ ਫੈਸਲਾ ਕਿਵੇਂ ਕਰਦੇ ਹੋ ਕਿ ਕਿਹੜੇ ਵਿਦਿਆਰਥੀ ਅਤੇ ਸਟਾਫ ਦੇ ਕਿਹੜੇ ਮੈਂਬਰ ਨੂੰ ਆਪਣੇ ਆਪ ਨੂੰ ਇਕਾਂਤਵਾਸ ਵਿੱਚ ਰੱਖਣ ਦੀ ਲੋੜ ਹੈ?**

ਕਈ ਵਾਰੀ ਪਬਲਿਕ ਹੈਲਥ ਵਾਲੇ ਕਿਸੇ ਇਕ ਵਿਅਕਤੀ ਨੂੰ ਜਾਂ ਸਾਰੀ ਕਲਾਸ ਨੂੰ ਆਪਣੇ ਆਪ ਨੂੰ ਇਕਾਂਤਵਾਸ ਵਿੱਚ ਰੱਖਣ ਲਈ ਕਹਿ ਸਕਦੇ ਹਨ। ਇਸ ਗੱਲ ਦਾ ਫੈਸਲਾ ਕੇਸ ਅਤੇ ਸੰਪਰਕ ਵਿੱਚ ਆਉਣ ਵਾਲਿਆਂ ਦੀ ਜਾਣਕਾਰੀ ਲੈ ਕੇ ਕੀਤਾ ਜਾਂਦਾ ਹੈ।

ਇਸ ਗੱਲ ਦਾ ਫੈਸਲਾ ਕਰਨ ਲਈ ਕਿ ਕਿਸ ਨੂੰ ਇਕਾਂਤਵਾਸ ਵਿੱਚ ਜਾਣ ਲਈ ਕਹਿਣਾ ਹੈ, ਪਬਲਿਕ ਹੈਲਥ ਵਾਲੇ ਕਈ ਚੀਜ਼ਾਂ 'ਤੇ ਗੌਰ ਕਰਦੇ ਹਨ, ਜਿਵੇਂ ਕੇਸਾਂ ਅਤੇ ਸੰਪਰਕ ਵਿੱਚ ਆਉਣ ਵਾਲਿਆਂ ਵਿਚਕਾਰ ਬਿਤਾਇਆ ਗਿਆ ਸਮਾਂ, ਅਤੇ ਕੀ ਕੇਸ ਵਾਲਾ ਵਿਅਕਤੀ ਖੰਘ ਰਿਹਾ ਸੀ ਜਾਂ ਛਿੱਕਾਂ ਮਾਰ ਰਿਹਾ ਸੀ ਅਤੇ ਇਸ ਤਰ੍ਹਾਂ ਦੀਆਂ ਹੋਰ ਚੀਜ਼ਾਂ।

ਕਈ ਵਾਰੀ ਪਬਲਿਕ ਹੈਲਥ ਵੱਲੋਂ ਕੀਤੇ ਮੁੱਲਾਂਕਣ ਅਤੇ ਪ੍ਰਭਾਵਿਤ ਸਕੂਲ ਨਾਲ ਸਲਾਹ ਮਸ਼ਵਰੇ ਦੇ ਆਧਾਰ 'ਤੇ ਸਾਰੀ ਕਲਾਸ ਨੂੰ ਇਕਾਂਤਵਾਸ ਵਿੱਚ ਜਾਣ ਲਈ ਕਿਹਾ ਜਾ ਸਕਦਾ ਹੈ।

Surrey Schools
LEADERSHIP IN LEARNING

4. ਕਿਸੇ ਸਕੂਲ ਨੂੰ ਬੰਦ ਕਦੋਂ ਕੀਤਾ ਜਾਵੇਗਾ?

ਜੇ ਕਿਸੇ ਇਕ ਸਕੂਲ ਵਿੱਚ ਕਈ ਕੇਸ ਹੋਣ, ਤਾਂ ਪਬਲਿਕ ਹੈਲਥ ਵਾਲੇ ਸਭ ਤੋਂ ਪਹਿਲਾਂ ਇਹ ਨਿਸ਼ਾਨਦੇਹੀ ਕਰਨ ਲਈ ਜਾਂਚ ਕਰਦੇ ਹਨ ਕਿ ਕੇਸ ਵਾਲੇ ਹਰ ਵਿਅਕਤੀ ਨੂੰ ਵਾਇਰਸ ਕਿੱਥੋਂ ਮਿਲਿਆ ਅਤੇ ਕੀ ਉਨ੍ਹਾਂ ਦਾ ਆਪਸ ਵਿੱਚ ਕੋਈ ਸੰਬੰਧ ਹੈ ਜਾਂ ਨਹੀਂ। ਜੇ ਇਹ ਪਤਾ ਲੱਗੇ ਕਿ ਵਾਇਰਸ ਇਕ ਤੋਂ ਦੂਜੇ ਵਿਅਕਤੀ ਤੱਕ ਫੈਲਿਆ ਹੈ, ਤਾਂ ਅਸੀਂ ਇਹ ਦੇਖਦੇ ਹਾਂ ਕਿ ਕੀ ਵਾਇਰਸ ਦਾ ਫੈਲਣਾ ਇਕ ਸਮੂਹ ਤੱਕ ਸੀਮਤ ਹੈ।

ਜੇ ਸਾਨੂੰ ਸ਼ੱਕ ਹੋਵੇ ਕਿ ਸਕੂਲ ਵਿੱਚ ਵਾਇਰਸ ਦਾ ਫੈਲਣਾ ਵੱਡੇ ਪੱਧਰ 'ਤੇ ਹੋਇਆ ਹੈ, ਤਾਂ ਹੋ ਸਕਦਾ ਹੈ ਕਿ ਪਬਲਿਕ ਹੈਲਥ ਵਾਲੇ ਸਾਰੇ ਸਕੂਲ ਨੂੰ ਬੰਦ ਕਰਨ ਲਈ ਕਹਿਣ। ਜੇ ਨੇੜਲੇ ਸੰਪਰਕ ਵਿੱਚ ਆਉਣ ਵਾਲੇ ਬਹੁਤ ਜ਼ਿਆਦਾ ਲੋਕ ਅਜਿਹੇ ਹੋਣ, ਜਿਨ੍ਹਾਂ ਨੂੰ ਇਕਾਂਤਵਾਸ ਵਿੱਚ ਜਾਣ ਦੀ ਲੋੜ ਹੋਵੇ ਅਤੇ ਇਸ ਨਾਲ ਸਕੂਲ ਨੂੰ ਸੁਰੱਖਿਅਤ ਢੰਗ ਨਾਲ ਚਲਾਉਣ ਉੱਤੇ ਅਸਰ ਪੈਂਦਾ ਹੋਵੇ ਤਾਂ ਸਕੂਲ ਵਾਲੇ ਸਕੂਲ ਨੂੰ ਬੰਦ ਕਰਨ ਦਾ ਫੈਸਲਾ ਕਰ ਸਕਦੇ ਹਨ, ਇਸ ਨੂੰ "ਫੰਕਸ਼ਨਲ ਕਲੋਜ਼ਰ" ਕਿਹਾ ਜਾਂਦਾ ਹੈ।

5. ਕੀ ਤੁਸੀਂ ਸਾਨੂੰ "ਸਟੈਂਡਰਡ ਕੋਵਿਡ-19" ਤੋਂ ਵੱਖਰੀ ਕਿਸਮ ਦੇ ਚਿੰਤਾਜਨਕ ਵਾਇਰਸਾਂ (ਵੇਰੀਐਂਟਸ) ਬਾਰੇ ਥੋੜ੍ਹਾ ਜਿਹਾ ਹੋਰ ਦੱਸ ਸਕਦੇ ਹੋ ਅਤੇ ਇਹ ਦੱਸ ਸਕਦੇ ਹੋ ਕਿ ਜਦੋਂ ਕਿਸੇ ਸਕੂਲ ਵਿੱਚ ਵਾਇਰਸ ਦੀ ਵੱਖਰੀ ਕਿਸਮ (ਵੇਰੀਐਂਟ) ਦਾ ਪਤਾ ਲੱਗਦਾ ਹੈ ਤਾਂ ਫਰੇਜ਼ਰ ਹੈਲਥ ਇਸ ਬਾਰੇ ਕਿਸ ਤਰ੍ਹਾਂ ਅਮਲ ਕਰਦੀ ਹੈ?

ਮੁੱਖ ਫਰਕ ਇਹ ਹੈ ਕਿ ਕੁੱਝ ਵੱਖਰੀ ਕਿਸਮ ਦੇ ਵਾਇਰਸ ਤੇਜ਼ੀ ਅਤੇ ਸੌਖ ਨਾਲ ਫੈਲ ਸਕਦੇ ਹਨ।

ਫਰੇਜ਼ਰ ਹੈਲਥ ਦੀ ਪਬਲਿਕ ਹੈਲਥ ਦੀ ਟੀਮ ਕੋਵਿਡ-19 ਦੇ ਵੱਖਰੀ ਕਿਸਮ ਦੇ ਚਿੰਤਾਜਨਕ ਵਾਇਰਸਾਂ ਨਾਲ ਸਾਹਮਣਾ ਹੋਣ (ਐਕਸਪੋਜ਼ਰ) ਨਾਲ ਨਿਪਟਣ ਲਈ ਸਕੂਲਾਂ ਨਾਲ ਨੇੜਲੀ ਪੱਧਰ 'ਤੇ ਮਿਲ ਕੇ ਕੰਮ ਕਰ ਰਹੀ ਹੈ।

ਕਿਉਂਕਿ ਵਾਇਰਸ ਦੀਆਂ ਵੱਖਰੀਆਂ ਕਿਸਮਾਂ ਸਾਡੀਆਂ ਕਮਿਊਨਿਟੀਆਂ ਵਿੱਚ ਨਵੀਂਆਂ ਹਨ ਅਤੇ ਜ਼ਿਆਦਾ ਸੌਖੇ ਢੰਗ ਨਾਲ ਫੈਲ ਸਕਦੀਆਂ ਹਨ, ਇਸ ਲਈ ਅਸੀਂ ਫੌਰੀ ਇਕਾਂਤਵਾਸ ਵਿੱਚ ਭੇਜਣ ਅਤੇ ਵਾਇਰਸ ਦੇ ਅਗਾਂਹ ਫੈਲਣ ਨੂੰ ਰੋਕਣ ਲਈ ਕੇਸਾਂ 'ਤੇ ਕੰਟਰੋਲ ਕਰਨ ਨੂੰ ਯਕੀਨੀ ਬਣਾਉਣ ਲਈ ਵੱਖਰੀਆਂ ਕਿਸਮਾਂ ਦੇ ਵਾਇਰਸਾਂ ਨਾਲ ਜੁੜੇ ਹੋਏ ਕੇਸਾਂ ਦੀ ਨਿਸ਼ਾਨਦੇਹੀ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਹੇ ਹਾਂ।

ਇਸ ਦੇ ਨਾਲ ਹੀ ਅਸੀਂ ਕੋਵਿਡ-19 ਦੇ ਪੌਜ਼ੀਟਵ ਟੈਸਟ ਵਾਲੇ ਜ਼ਿਆਦਾ ਖਤਰੇ ਵਾਲੇ ਵਿਅਕਤੀਆਂ ਨਾਲ ਸੰਪਰਕਾਂ ਨੂੰ ਸ਼ਾਮਲ ਕਰਨ ਲਈ ਕੋਵਿਡ-19 ਦੇ ਟੈਸਟ ਕਰਨ ਦੀਆਂ ਸਿਫਾਰਿਸ਼ਾਂ ਨੂੰ ਵਧਾਇਆ ਹੈ, ਭਾਵੇਂ ਉਹਨਾਂ ਵਿੱਚ ਲੱਛਣ ਦਿਖਾਈ ਦਿੰਦੇ ਹੋਣ ਜਾਂ ਨਾ। ਇਸ ਵਿੱਚ ਸਟਾਫ ਦੇ ਮੈਂਬਰ ਅਤੇ ਵਿਦਿਆਰਥੀ ਸ਼ਾਮਲ ਹਨ, ਜਿਹਨਾਂ ਨੂੰ ਸਕੂਲ ਵੱਲੋਂ ਆਪਣੇ ਆਪ ਨੂੰ ਇਕਾਂਤਵਾਸ ਵਿੱਚ ਰੱਖਣ ਲਈ ਖੱਤ ਮਿਲਣਗੇ।

6. ਜਦੋਂ ਵਾਇਰਸ ਦੀ ਚਿੰਤਾਜਨਕ ਵੱਖਰੀ ਕਿਸਮ ਸ਼ਾਮਲ ਹੁੰਦੀ ਹੈ, ਤਾਂ ਕੀ ਫਰੇਜ਼ਰ ਹੈਲਥ ਦੀ "ਨੇੜਲੇ ਸੰਪਰਕ ਵਿੱਚ ਆਏ ਵਿਅਕਤੀ" ਦੀ ਪ੍ਰੀਭਾਸ਼ਾ ਬਦਲਦੀ ਹੈ? ਜੇ ਵਾਇਰਸ ਦੀ ਚਿੰਤਾਜਨਕ ਵੱਖਰੀ ਕਿਸਮ ਸ਼ਾਮਲ ਹੋਵੇ, ਤਾਂ ਕੀ ਤੁਸੀਂ ਸ਼ੁਰੂ ਵਿੱਚ ਹੀ ਨੇੜੇ ਦੇ ਸੰਪਰਕ ਵਿੱਚ ਆਏ ਸਾਰੇ ਲੋਕਾਂ ਦੇ ਟੈਸਟਾਂ ਦੀ ਮੰਗ ਕਰੋਗੇ?

ਕੋਵਿਡ-19 ਦੀਆਂ ਵੱਖਰੀਆਂ ਕਿਸਮਾਂ ਲਈ ਪੌਜ਼ੀਟਵ ਟੈਸਟ ਵਾਲੇ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਤੋਂ ਪਬਲਿਕ ਦੇ ਦੂਜੇ ਮੈਂਬਰਾਂ ਵਰਗੇ ਸਵਾਲ ਹੀ ਪੁੱਛੇ ਜਾਂਦੇ ਹਨ, ਪਰ ਉਨ੍ਹਾਂ ਵਿੱਚ ਸਕੂਲ ਦੀ ਥਾਂ ਨਾਲ ਸੰਬੰਧਿਤ ਸਵਾਲ ਹੁੰਦੇ ਹਨ ਤਾਂ ਕਿ ਅਸੀਂ ਇਹ ਯਕੀਨੀ ਬਣਾ ਸਕੀਏ ਕਿ ਅਸੀਂ ਨੇੜਲੇ ਸੰਪਰਕ ਵਿੱਚ ਆਏ ਲੋਕਾਂ ਬਾਰੇ ਜਾਣ ਲਿਆ ਹੈ।

ਇਸ ਤੋਂ ਅਗਾਂਹ, ਨਵੀਂ ਕਿਸਮ ਅਤੇ ਆਪਣੇ ਇਲਾਕੇ ਵਿੱਚ ਕੇਸਾਂ ਦੀ ਗਿਣਤੀ ਵਿੱਚ ਹੋਏ ਵਾਧੇ ਦੇ ਨਤੀਜੇ ਵੱਜੋਂ, ਕੋਵਿਡ-19 ਦੇ ਪੌਜ਼ੀਟਵ ਟੈਸਟ ਵਾਲੇ ਹਰ ਵਿਅਕਤੀ ਤੋਂ ਵਾਇਰਸ ਨਾਲ ਹੋਏ ਉਨ੍ਹਾਂ ਦੇ ਸਾਹਮਣੇ (ਐਕਪੋਜ਼ਰ) ਅਤੇ ਸੰਪਕਰਾਂ ਬਾਰੇ ਵਾਧੂ ਸਵਾਲ ਪੁੱਛੇ ਜਾ ਰਹੇ ਹਨ। ਇਸ ਨਾਲ ਪਬਲਿਕ ਹੈਲਥ ਨੂੰ ਉਨ੍ਹਾਂ ਦੂਸਰੇ ਲੋਕਾਂ ਦੀ ਤੇਜ਼ੀ ਨਾਲ ਪਛਾਣ ਕਰਨ ਵਿੱਚ ਮਦਦ ਮਿਲਦੀ ਹੈ ਜਿਨ੍ਹਾਂ ਨੂੰ ਟੈਸਟ ਕਰਾਉਣ ਅਤੇ

ਇਕਾਂਤਵਾਸ ਵਿੱਚ ਜਾਣ ਦੀ ਲੋੜ ਹੁੰਦੀ ਹੈ। ਹੁਣ ਅਸੀਂ ਇਹ ਸਲਾਹ ਵੀ ਦੇ ਰਹੇ ਹਾਂ ਕਿ ਨੇੜੇ ਦੇ ਸੰਪਰਕ ਵਿੱਚ ਆਏ ਸਾਰੇ ਲੋਕਾਂ ਨੂੰ ਟੈਸਟ ਕਰਾਉਣੇ ਚਾਹੀਦੇ ਹਨ, ਭਾਵੇਂ ਕਿ ਉਨ੍ਹਾਂ ਵਿੱਚ ਕੋਈ ਲੱਛਣ ਨਾ ਵੀ ਦਿਖਾਈ ਦੇ ਰਹੇ ਹੋਣ।

ਨਵੇਂ ਸਬੂਤਾਂ ਅਤੇ ਉੱਠ ਰਹੇ ਨਵੇਂ ਮਾਮਲਿਆਂ ਨਾਲ ਇਕਸੁਰ ਰਹਿਣ ਲਈ ਪਬਲਿਕ ਹੈਲਥ ਲਗਾਤਾਰਤਾ ਨਾਲ ਆਪਣੇ ਅਮਲਾਂ ਅਤੇ ਸੇਧਾਂ ਵਿੱਚ ਤਬਦੀਲੀ ਕਰ ਰਹੀ ਹੈ।

**7. ਜਦੋਂ ਸਾਨੂੰ ਪਤਾ ਲੱਗਦਾ ਹੈ ਕਿ ਸਾਡੀ ਕਮਿਊਨਿਟੀ ਵਿੱਚ ਵਾਇਰਸ ਦੀ ਚਿੰਤਾਜਨਕ ਕਿਸਮ ਹੈ, ਕੀ ਉਦੋਂ ਸਕੂਲਾਂ ਵਿੱਚ ਲਾਗੂ ਕੀਤੇ ਗਏ ਸਿਹਤ ਅਤੇ ਸੁਰੱਖਿਆ ਦੇ ਉਪਾਵਾਂ ਵਿੱਚ ਤਬਦੀਲੀ ਆਉਂਦੀ ਹੈ?**

ਸਤੰਬਰ ਤੋਂ ਕੋਵਿਡ-19 ਦੀਆਂ ਠੋਸ ਸੁਰੱਖਿਆ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਸਕੂਲਾਂ ਨੇ ਸਖਤ ਕੰਮ ਕੀਤਾ ਹੈ।

ਆਮ ਤੌਰ 'ਤੇ ਅਸੀਂ ਜੋ ਦੇਖਿਆ ਹੈ, ਉਹ ਇਹ ਹੈ ਕਿ ਸਕੂਲਾਂ ਵਿੱਚ ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ ਸੁਰੱਖਿਆ ਯੋਜਨਾਵਾਂ ਕਾਫੀ ਅਸਰਦਾਰ ਹਨ। ਅਸੀਂ ਦੂਜੇ ਦੇਸ਼ਾਂ ਤੋਂ ਇਹ ਸਿੱਖਿਆ ਹੈ ਕਿ ਭਾਵੇਂ ਵੱਖਰੀ ਕਿਸਮ ਤੇਜ਼ੀ ਨਾਲ ਫੈਲ ਸਕਦੀ ਹੈ, ਪਰ ਇਹ ਫੈਲਦੀ ਉਸ ਹੀ ਤਰੀਕੇ ਨਾਲ ਹੈ, ਜਿਸ ਦਾ ਮਤਲਬ ਹੈ ਕਿ ਸਾਡੇ ਮੌਜੂਦਾ ਸੁਰੱਖਿਆ ਉਪਾਅ ਅਜੇ ਵੀ ਅਸਰਦਾਰ ਹਨ।

ਸਕੂਲਾਂ ਵਿੱਚ ਕੋਵਿਡ-19 ਦੀ ਚਿੰਤਾਜਨਕ ਕਿਸਮ ਨਾਲ ਸਾਹਮਣੇ (ਐਕਸਪੋਜ਼ਰ) ਦੇ ਆਪਣੇ ਤਜਰਬੇ ਦੇ ਆਧਾਰ 'ਤੇ ਅਸੀਂ ਇਕੋ ਜਿਹੇ ਨਤੀਜੇ ਦੇਖ ਰਹੇ ਹਾਂ: ਵਾਇਰਸ ਨੇੜਲੇ ਲੋਕਾਂ ਵਿੱਚ ਫੈਲ ਰਿਹਾ ਹੈ ਅਤੇ ਸਕੂਲਾਂ ਵਿੱਚ ਵੱਡੀ ਪੱਧਰ 'ਤੇ ਨਹੀਂ ਫੈਲ ਰਿਹਾ। ਅਸੀਂ ਵਾਇਰਸ ਦੀ ਵੱਖਰੀ ਕਿਸਮ ਨਾਲ ਵਾਹ ਪੈਣ (ਐਕਸਪੋਜ਼ਰ) ਨੂੰ ਬਰੀਕੀ ਨਾਲ ਦੇਖ ਰਹੇ ਹਾਂ। ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਕਲਾਸਰੂਮਾਂ ਵਿੱਚ ਸਰੀਰਕ ਦੂਰੀ ਬਣਾਈ ਰੱਖਣ ਲਈ ਵੱਖਰੇ ਤਰੀਕਿਆਂ ਬਾਰੇ ਸੋਚ ਕੇ, ਹੱਥ ਧੋਣ ਲਈ ਮੌਕੇ ਵਧਾ ਕੇ, ਸਾਂਝੀਆਂ ਚੀਜ਼ਾਂ ਤੱਕ ਪਹੁੰਚ ਨੂੰ ਸੀਮਤ ਕਰਕੇ, ਅਤੇ ਜਿੱਥੇ ਢੁਕਵਾਂ ਹੋਵੇ ਉੱਥੇ ਮਾਸਕ ਪਾਉਣ ਨੂੰ ਉਤਸ਼ਾਹਿਤ ਕਰਕੇ ਆਪਣੀਆਂ ਸੁਰੱਖਿਆ ਯੋਜਨਾਵਾਂ ਨੂੰ ਜੀਵਤ ਕਰਨ ਲਈ ਵਚਨਬੱਧ ਰਹੀਏ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਇਨ੍ਹਾਂ ਸਾਰੇ ਅਮਲਾਂ ਨੂੰ ਆਪਣੀਆਂ ਜ਼ਿੰਦਗੀਆਂ 'ਤੇ ਲਾਗੂ ਕਰਨਾ ਯਾਦ ਰੱਖ ਕੇ ਆਪਣੇ ਸਕੂਲਾਂ ਵਿੱਚ ਕੋਵਿਡ-19 ਨਾਲ ਕਿਸੇ ਵੀ ਤਰ੍ਹਾਂ ਦੇ ਸਾਹਮਣੇ (ਐਕਸਪੋਜ਼ਰ) ਨੂੰ ਸੀਮਤ ਕਰੀਏ।

**8. ਕੀ ਹਵਾਦਾਰੀ ਲਈ ਖਿੜਕੀਆਂ ਰਹਿਤ ਕਮਰੇ ਵਿੱਚ ਕੰਮ ਕਰਨਾ ਸੁਰੱਖਿਅਤ ਹੈ?**

ਦੂਜੇ ਉਪਾਵਾਂ ਦੇ ਨਾਲ ਨਾਲ ਚੰਗੀ ਹਵਾਦਾਰੀ ਕੋਵਿਡ-19 ਦੇ ਖਤਰੇ ਨੂੰ ਘੱਟ ਕਰਨ ਵਿੱਚ ਮਦਦ ਕਰ ਸਕਦੀ ਹੈ। ਢੁਕਵੀਂ ਹਵਾਦਾਰੀ ਦਾ ਹੋਣਾ ਮਹੱਤਵਪੂਰਨ ਹੈ, ਇਸ ਲਈ ਅਸੀਂ ਸਕੂਲਾਂ ਨੂੰ ਸਲਾਹ ਦਿੰਦੇ ਹਾਂ ਕਿ ਮਕੈਨੀਕਲ ਹੀਟਿੰਗ, ਵੈਂਟੀਲੇਸ਼ਨ ਅਤੇ ਕੂਲਿੰਗ ਦੇ ਪ੍ਰਬੰਧ ਠੀਕ ਤਰ੍ਹਾਂ ਕੰਮ ਕਰਦੇ ਹੋਣੇ ਚਾਹੀਦੇ ਹਨ।

**9. ਕਈ ਵਾਰੀ ਵਿਦਿਅਕ ਸਹਾਇਕ (ਐਜੂਕੇਸ਼ਨ ਅਸਿਟੈਂਟਸ) ਨੂੰ ਨਿੱਜੀ ਸੰਭਾਲ ਕਰਨ ਦੀ ਲੋੜ ਪੈਂਦੀ ਹੈ। ਉਹ ਇਸ ਨੂੰ ਉਦੋਂ ਕਿਸ ਤਰ੍ਹਾਂ ਸੁਰੱਖਿਅਤ ਢੰਗ ਨਾਲ ਕਰ ਸਕਦੇ ਹਨ, ਜਦੋਂ ਉਹ ਸਰੀਰਕ ਦੂਰੀ ਨਾ ਰੱਖ ਸਕਦੇ ਹੋਣ?**

ਅਪਾਹਜਤਾ, ਵੱਖਰੀਆਂ ਵੱਖਰੀਆਂ ਯੋਗਤਾਵਾਂ ਅਤੇ ਮੈਡੀਕਲ ਸਥਿਤੀਆਂ ਵਾਲੇ ਵਿਦਿਆਰਥੀਆਂ ਦੀ ਮਦਦ ਕਰਨਾ ਸਾਡੇ ਸਕੂਲ ਪ੍ਰਬੰਧ ਲਈ ਅਤੇ ਇਹ ਯਕੀਨੀ ਬਣਾਉਣ ਲਈ ਬਹੁਤ ਹੀ ਮਹੱਤਵਪੂਰਨ ਹੈ ਕਿ ਸਾਰੇ ਵਿਦਿਆਰਥੀ ਸਕੂਲ ਵਿੱਚ ਹਾਜ਼ਰ ਹੋ ਕੇ ਪੜ੍ਹਾਈ ਕਰ ਸਕਣ।

ਮੈਂ ਸਮਝਦਾ ਹਾਂ ਕਿ ਬਹੁਤੀ ਵਾਰੀ ਵਿਦਿਅਕ ਸਹਾਇਕ (ਐਜੂਕੇਸ਼ਨ ਅਸਿਸਟੈਂਟਸ) ਅਜਿਹੀਆਂ ਸਥਿਤੀਆਂ ਵਿੱਚ ਸ਼ਾਮਲ ਹੁੰਦੇ ਹਨ ਜਿਨ੍ਹਾਂ ਵਿੱਚ ਸਰੀਰਕ ਦੂਰੀ ਰੱਖਣਾ ਸੰਭਵ ਨਹੀਂ ਹੁੰਦਾ। ਕੇ-12 ਦੀਆਂ ਥਾਂਵਾਂ ਨਾਲ ਸੰਬੰਧਿਤ ਸੂਬਾਈ ਸੇਧਾਂ ਵਿੱਚ ਸਿਫਾਰਿਸ਼ ਕੀਤੀ ਗਈ ਹੈ ਕਿ ਸਕੂਲਾਂ ਨੂੰ ਸਟਾਫ ਦੇ ਉਨ੍ਹਾਂ ਮੈਂਬਰਾਂ ਬਾਰੇ ਗੌਰ ਕਰਨ ਦੀ ਲੋੜ ਹੈ, ਜਿਹੜੇ ਵਿਦਿਆਰਥੀਆਂ ਨੂੰ ਵਾਧੂ ਸਹਾਇਤਾ ਪ੍ਰਦਾਨ ਕਰਦੇ ਹਨ। ਇਸ ਵਿੱਚ ਹਮੇਸ਼ਾਂ ਨਾਨ-ਮੈਡੀਕਲ ਮਾਸਕ ਪਾਉਣਾ ਜਾਂ ਜੇ ਬੁੱਲਾਂ ਅਤੇ ਚਿਹਰੇ ਦੇ ਸੰਕੇਤਾਂ ਨੂੰ ਪੜ੍ਹਨਾ ਜ਼ਰੂਰੀ ਹੋਵੇ ਤਾਂ ਫੇਸ ਸ਼ੀਲਡ ਪਾਉਣਾ ਸ਼ਾਮਲ

ਹੈ। ਇਸ ਦੇ ਨਾਲ ਹੀ ਸਟਾਫ ਦੇ ਮੈਂਬਰਾਂ ਨੂੰ ਇਹ ਜਾਣਨ ਲਈ ਕਿ ਕੀ ਉਨ੍ਹਾਂ ਨੂੰ ਨਿੱਜੀ ਸੁਰੱਖਿਆ ਦੇ ਵਾਧੂ ਸਾਜ਼-ਸਾਮਾਨ ਦੀ ਲੋੜ ਹੈ, ਖਤਰੇ ਦੇ ਆਪਣੇ ਸਟੈਂਡਰਡ ਮੁੱਲਾਂਕਣ ਦੀ ਪਾਲਣਾ ਕਰਨੀ ਚਾਹੀਦੀ ਹੈ